ਸਿੱਖੀ ਗੌਰਵ

# ਇਤਿਹਾਸ ਦੇ ਸਿਰਜਕ—ਸ੍ਰੀ ਗੁਰੂ ਗੋਬਿੰਦ ਸਿੰਘ ਜੀ



**ਗੁਰਦੀਪ ਸਿੰਘ**
*302 ਕਿਦਵਈ ਨਗਰ, ਲੁਧਿਆਣਾ*

ਅਜੋਕੇ ਸਮੇਂ ਵਿੱਚ ਚਕਿਤਸਾ ਵਿਗਿਆਨ ਦੀ ਬਹੁਤ ਤਰੱਕੀ ਦੇ ਬਾਵਜੂਦ ਕੈਂਸਰ ਤੇ ਏਡਜ਼ ਵਰਗੀਆਂ ਲਾਇਲਾਜ ਬੀਮਾਰੀਆਂ ਹੋ ਰਹੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਨੇ 300 ਸਾਲ ਪਹਿਲਾਂ ਜਦ ਖ਼ਾਲਸੇ ਦੀ ਸਾਜਨਾ ਕੀਤੀ, ਨਾਲ ਹੀ ਚਾਰ ਚੀਜ਼ਾਂ ਤੋਂ ਵਰਜਿਆ। ਜਿਨ੍ਹਾਂ ਨੂੰ ਚਾਰ ਕੁਰਹਿਤਾਂ ਕਿਹਾ ਗਿਆ। ਉਹਨਾਂ ਵਿੱਚੋਂ ਦੋ ਕੁਰਹਿਤਾਂ ਹਨ—ਤਮਾਕੂ ਦਾ ਸੇਵਨ ਤੇ ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ ਸੰਗ। ਨਸ਼ਿਆਂ ਦੇ ਸੇਵਨ ਤੇ ਚਰਿੱਤਰਹੀਨਤਾ ਕਾਰਨ ਕਈ ਰੋਗ, ਕੈਂਸਰ ਵਰਗੀਆਂ ਭਿਆਨਕ ਤੇ ਏਡਜ਼ ਵਰਗੀਆਂ ਲਾਇਲਾਜ ਬੀਮਾਰੀਆਂ ਹੁੰਦੀਆਂ ਹਨ। ਇਸ ਵੇਲੇ ਭਾਰਤ ਵਿੱਚ ਕਰੀਬ 33 ਲੱਖ ਲੋਕ ਏਡਜ਼ ਦੀ ਬੀਮਾਰੀ ਨਾਲ ਪੀੜਤ ਹਨ ਤੇ ਪੰਜਾਬ ਵਿੱਚ 50 ਹਜ਼ਾਰ ਤੋਂ ਵੱਧ ਲੋਕ ਐਚ.ਆਈ.ਵੀ. ਨਾਲ ਪੀੜਤ ਹਨ। ਜੇਕਰ ਲੋਕ ਗੁਰੂ ਗੋਬਿੰਦ ਸਿੰਘ ਜੀ ਦੀ ਸਿਖਿਆ ਤੇ ਅਮਲ ਕਰਨ (ਕੁਰਹਿਤਾਂ ਤੋਂ ਬਚਣ) ਤਾਂ, ਜੋ ਹਰ ਦੇਸ਼ ਵਿੱਚ ਪੀੜਤਾਂ ਦੀ ਸੰਖਿਆ ਬਹੁਤ ਵੱਧ ਰਹੀ ਹੈ, ਬਹੁਤ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋ ਰਿਹਾ ਹੈ, ਉਪਰ ਕਾਬੂ ਪਾਇਆ ਜਾ ਸਕਦਾ ਹੈ।



ਗੁਰੂ ਗੋਬਿੰਦ ਸਿੰਘ ਜੀ ਦੇ ਤੀਰਾਂ ਨਾਲ ਸੋਨਾ ਵੀ ਲੱਗਿਆ ਹੁੰਦਾ ਸੀ ਤਾਂ ਜੋ ਫੱਟੜ ਹੋਏ ਨੂੰ ਮੱਲਮ ਪੱਟੀ ਦਾ ਭਾੜਾ ਮਿਲ ਜਾਵੇ ਤੇ ਮਰਨ ਵਾਲੇ ਲਈ ਕੱਫ਼ਨ। ਇਹ ਕੋਈ ਨਿਰਾਲਾ ਸੰਤ ਸਿਪਾਹੀ ਹੀ ਕਰ ਸਕਦਾ ਹੈ। ਗੁਰੂ ਜੀ ਦਾ ਸੇਵਕ ਭਾਈ ਘਨੱਈਆ ਜੰਗ ਦੇ ਮੈਦਾਨ ਵਿੱਚ ਸਭ ਪਿਆਸਿਆਂ (ਸਿੱਖ, ਹਿੰਦੂ, ਮੁਸਲਮਾਨ) ਨੂੰ ਪਾਣੀ ਪਿਆਉਂਦਾ ਸੀ ਭਾਵੇਂ ਕੋਈ ਦੁਸ਼ਮਣ (ਦੀ ਫ਼ੌਜ) ਦਾ ਸਿਪਾਹੀ ਹੋਵੇ। ਗੁਰੂ ਜੀ ਨੇ ਉਸ ਨੂੰ ਜ਼ਖ਼ਮੀਆਂ ਨੂੰ ਲਗਾਉਣ ਲਈ ਮੱਲਮ ਦੀ ਡੱਬੀ ਵੀ ਦਿੱਤੀ ਤਾਂ ਜੋ ਉਹ ਫ਼ਸਟ ਏਡ ਕਰ ਸਕੇ।

ਗੁਰੂ ਗੋਬਿੰਦ ਸਿੰਘ ਜੀ ਨੇ ਬਚਪਨ ਤੋਂ ਲੈ ਕੇ ਜੋਤੀ-ਜੋਤਿ ਸਮਾਉਣ ਤੱਕ ਇਕ ਨਿਰਾਲਾ ਇਤਿਹਾਸ ਸਿਰਜਿਆ ਹੈ। ਆਪਣੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦੀ ਲਈ ਖਿੜੇ ਮੱਥੇ ਤੋਰਨਾ ਅਤੇ ਬਾਅਦ ਵਿੱਚ ਆਪਣੇ ਸਾਹਿਬਜ਼ਾਦਿਆਂ ਨੂੰ ਵੀ ਜੰਗ ਦੇ ਮੈਦਾਨ ਵਿੱਚ ਸਜਾ ਕੇ ਭੇਜਣਾ ਕੇਵਲ ਗੁਰੂ ਗੋਬਿੰਦ ਸਿੰਘ ਜੀ ਦੇ ਹਿੱਸੇ ਆਇਆ ਹੈ। ਇਹਨਾਂ ਦੋਹਾਂ ਘਟਨਾਵਾਂ ਤੇ ਹੋਰ ਕਾਰਨਾਮਿਆਂ ਨੇ ਅਜਿਹੇ ਮੀਲ-ਪੱਥਰ ਗੱਡੇ ਹਨ ਜਿਹੜੇ ਦੁਨੀਆਂ ਦੇ ਇਤਿਹਾਸ ਵਿੱਚ ਇਕ ਅਦੁੱਤੀ ਮਿਸਾਲ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਸੰਤਤਾਈ ਤੇ ਸਿਪਾਹੀ-ਪੁਣੇ ਨੂੰ ਇਕ ਹੀ ਇਨਸਾਨ ਵਿੱਚ ਇਕੱਠਿਆ ਕਰ ਦਿੱਤਾ। ਆਪ ਜੀ ਨੇ ਸਿੱਖਾਂ ਨੂੰ ਪੰਜ ਕਕਾਰ ਦਾ ਧਾਰਨੀ ਬਣਾਇਆ ਤਾਂ ਕਿ ਸੈਂਕੜੇ, ਹਜ਼ਾਰਾਂ ਦੀ ਗਿਣਤੀ ਵਿੱਚ ਜੇਕਰ ਕੋਈ ਗੁਰੂ ਜੀ ਦਾ ਸਿੱਖ ਖੜ੍ਹਾ ਹੋਵੇ ਤਾਂ ਦੂਰੋਂ ਹੀ ਪਛਾਣਿਆ ਜਾਵੇ।

**ਪ੍ਰਭੂ-ਗੁਣ-ਗਾਇਨ—**

ਸੰਸਾਰ ਨੂੰ ਨਾਮ ਸਿਮਰਨ ਦਾ ਉਪਦੇਸ਼ ਦੇਣ ਵਾਲੇ ਸਿੱਖ ਗੁਰੂ ਸਾਹਿਬਾਨ ਅੱਠੇ ਪਹਿਰ ਪ੍ਰਭੂ-ਨਾਮ ਦੀ ਰੰਗਣ ਵਿੱਚ ਰੰਗੇ ਰਹਿੰਦੇ ਸਨ। ਜਗਤ ਗੁਰੂ ਨਾਨਕ ਸਾਹਿਬ ਜਿਵੇਂ ਮੋਦੀਖ਼ਾਨੇ ਵਿੱਚ ਤੇਰਾ-ਤੇਰਾ ਉਚਾਰਦੇ ਪ੍ਰਭੂ ਨਾਲ ਇਕਸੁਰ ਹੋ ਜਾਂਦੇ ਸਨ, ਗੁਰੂ ਗੋਬਿੰਦ ਸਿੰਘ ਜੀ ਵੀ ਤੁਹੀ, ਤੁਹੀ ਜਾਂ ਹਰੀ-ਹਰੀ ਉਚਾਰਦੇ ਪ੍ਰਭੂ ਨਾਲ ਇਕਮਿਕ ਹੋ ਜਾਂਦੇ ਸਨ।

***ਜਲੇ ਹਰੀ॥ ਥਲੇ ਹਰੀ॥***
***ਉਰੇ ਹਰੀ॥ ਬਨੇ ਹਰੀ॥੫੧॥***
***ਗਿਰੇ ਹਰੀ॥ ਗੁਫੇ ਹਰੀ॥***
***ਛਿਤੇ ਹਰੀ॥ ਨਭੇ ਹਰੀ॥੫੨॥***
***ਈਹਾਂ ਹਰੀ॥ ਊਹਾਂ ਹਰੀ॥***
***ਜਿਮੀ ਹਰੀ॥ ਜਮਾਂ ਹਰੀ॥੫੩॥***

.........................

***ਭਜੋ ਹਰੀ॥ ਥਪੋ ਹਰੀ॥ ਤਪੋ ਹਰੀ॥ ਜਪੋ ਹਰੀ॥੬੨॥***
***ਜਲਸ ਤੁਹੀਂ॥ ਥਲਸ ਤੁਹੀ॥ ਨਦਿਸ ਤੁਹੀ॥ ਨਦਸ ਤੁਹੀ॥੬੩॥***
***ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥੬੯॥***

ਆਪ ਜੀ ਨੇ *ਜਾਪੁ ਸਾਹਿਬ* ਦੀ ਬਾਣੀ ਉਚਾਰੀ ਹੈ, ਇਸ ਵਿੱਚ ਪ੍ਰਭੂ-ਗੁਣਾਂ ਤੋਂ ਸਿਵਾ ਹੋਰ ਕੋਈ ਚੀਜ਼ ਰੰਚਕ ਮਾਤਰ ਵੀ ਨਹੀਂ। *ਜਾਪੁ ਸਾਹਿਬ* ਤੇ *ਅਕਾਲ ਉਸਤਤਿ* ਬਾਣੀਆਂ ਦੇ ਨਾਮ ਹੀ ਪ੍ਰਭੂ-ਗੁਣ-ਗਾਇਨ ਦੀ ਪ੍ਰੇਰਨਾ ਦਿੰਦੇ ਹਨ। ਆਪ ਜੀ ਵੱਲੋਂ ਔਰੰਗਜ਼ੇਬ ਨੂੰ ਲਿਖੀ ਗਈ *ਜ਼ਫ਼ਰਨਾਮਾ* ਨਾਮ ਦੀ ਚਿੱਠੀ ਵੀ ਪ੍ਰਭੂ ਦੀ ਸਿਫ਼ਤ ਸਲਾਹ ਦੇ ਝਲਕਾਰੇ ਮਾਰਦੀ ਹੈ। ਇਸ ਦਾ ਪਾਠ ਕਰਦਿਆਂ ਇਸ ਤਰ੍ਹਾਂ ਅਨੁਭਵ ਹੁੰਦਾ ਹੈ ਜਿਵੇਂ ਇਹ ਚਿੱਠੀ ਨਹੀਂ ਬਾਣੀ ਹੈ। ਇਸ ਦੇ ਪਹਿਲੇ 12 ਸ਼ੇਅਰ ਪ੍ਰਭੂ ਦੀ ਸਿਫ਼ਤ ਸਲਾਹ ਵਿੱਚ ਹਨ, ਅੰਤ ਵੀ ਪ੍ਰਭੂ ਦੀ ਸਿਫ਼ਤ ਸਲਾਹ ਨਾਲ ਹੁੰਦਾ ਹੈ। *ਜ਼ਫ਼ਰਨਾਮਾ* ਫ਼ਾਰਸੀ ਦੀ ਇਕ ਉਹ ਅਮਰ ਕ੍ਰਿਤ ਹੈ ਜੋ ਇਤਿਹਾਸਕ ਵੀ ਹੈ ਤੇ ਕਲਾ ਦੇ ਪੱਖੋਂ ਵੀ ਸੰਪੂਰਨ ਹੈ।

ਇੰਨੀ ਪ੍ਰਭਾਵਸ਼ਾਲੀ ਹੈ ਕਿ ਔਰੰਗਜ਼ੇਬ ਪੜ੍ਹਦੇ ਸਾਰ ਸ਼ਰਮਸਾਰ ਹੋਇਆ।

ਆਪ ਜੋ ਵੀ ਕਾਰਜ ਕਰਦੇ ਸਨ, ਉਸ ਲਈ ਪ੍ਰਭੂ ਦਾ, ਵਾਹਿਗੁਰੂ ਦਾ ਆਸਰਾ ਲੈਂਦੇ ਸਨ।

**ਜਾਪੁ॥ ਸ੍ਰੀ ਮੁਖ ਵਾਕ ਪਾਤਿਸਾਹੀ ੧੦॥ ਛਪੈ ਛੰਦ॥ ਤ੍ਵਪ੍ਰਸਾਦਿ॥**

**ਤ੍ਵਪ੍ਰਸਾਦਿ**—ਭਾਵ ਹੇ ਵਾਹਿਗੁਰੂ ਤੇਰੀ ਕ੍ਰਿਪਾ ਨਾਲ (ਇਹ ਬਾਣੀ) ਉਚਾਰਦਾ ਹਾਂ।

**ਜਾਤ-ਪਾਤ ਦੀ ਨਿਖੇਧੀ—**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਾਤ-ਪਾਤ ਦੀ ਨਿਖੇਧੀ ਕਰਦਿਆਂ ਲੰਗਰ ਦੀ ਸੰਸਥਾ ਦੁਆਰਾ ਤੇ ਆਪ ਮਰਦਾਨੇ ਮਰਾਸੀ ਨੂੰ ਸਾਰੀ ਉਮਰ ਆਪਣੇ ਨਾਲ ਰੱਖ ਕੇ ਲੋਕਾਂ ਵਿੱਚ ਜਾਤ-ਪਾਤ ਦੇ ਵਹਿਮ ਨੂੰ ਦੂਰ ਕਰਨ ਦਾ ਉਪਰਾਲਾ ਕੀਤਾ। ਹਜ਼ਾਰਾਂ ਸਾਲ ਤੋਂ ਚੱਲ ਰਹੇ ਜਾਤ-ਪਾਤ ਦੇ ਭਿੰਨ-ਭੇਦ ਮਿਟਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਜਿਨ੍ਹਾਂ ਨੂੰ ਅੰਮ੍ਰਿਤ ਛਕਾਇਆ ਉਹ ਅਖੌਤੀ ਖੱਤਰੀ, ਜੱਟ, ਨਾਈ, ਝਿਊਰ ਤੇ ਛੀਂਬਾ ਜਾਤਾਂ ਵਿੱਚੋਂ ਸਨ।

**ਖ਼ਾਲਸੇ ਦੀ ਸਾਜਨਾ—**

ਖ਼ਾਲਸੇ ਦੀ ਸਾਜਨਾ ਗੁਰੂ ਗੋਬਿੰਦ ਸਿੰਘ ਜੀ ਦਾ ਦੁਨੀਆ ਦੇ ਇਤਿਹਾਸ ਵਿੱਚ ਇਕ ਅਦੁੱਤੀ ਕਾਰਨਾਮਾ ਸੀ। ਇਸ ਅਲੌਕਿਕ ਅਤੇ ਲਾਸਾਨੀ ਕਾਰਜ ਰਾਹੀਂ ਗੁਰੂ ਜੀ ਨੇ ਭਾਰਤੀ ਸਮਾਜ ਵਿੱਚੋਂ ਉਚ-ਨੀਚ ਤੇ ਛੂਤ-ਛਾਤ ਮਿਟਾਉਣ ਲਈ 1699 ਈ. ਨੂੰ ਵਿਸਾਖੀ ਵਾਲੇ ਦਿਨ ਬ੍ਰਾਹਮਣ, ਵੈਸ਼, ਸ਼ੂਦਰ ਤੇ ਖੱਤਰੀ ਸਭ ਨੂੰ ਇਕੋ ਬਾਟੇ ਵਿੱਚੋਂ ਅੰਮ੍ਰਿਤ ਛਕਾ ਕੇ ਸਾਂਝਾ ਉਪਦੇਸ਼ ਦਿੱਤਾ ਤੇ ਖ਼ਾਲਸੇ ਦੀ ਨੀਂਹ ਰੱਖੀ। ਗੁਰੂ ਜੀ ਦੁਆਰਾ ਸਾਜੇ ਪੰਜ ਪਿਆਰੇ ਵੱਖੋ-ਵੱਖ ਇਲਾਕਿਆਂ ਤੇ ਵੱਖੋ-ਵੱਖ ਜਾਤੀਆਂ ਨਾਲ ਸਬੰਧਿਤ ਸਨ। ਸਿੱਖ ਕੌਮ ਦੀ ਨੀਂਹ ਤਾਂ ਭਾਵੇਂ ਗੁਰੂ ਨਾਨਕ ਦੇਵ ਜੀ ਰੱਖ ਗਏ ਅਤੇ ਮਗਰਲੇ ਗੁਰੂ ਸਾਹਿਬਾਨ ਨੇ ਉਸ ਕੌਮ ਦੀ ਉਸਾਰੀ ਲਈ ਲੋੜੀਂਦੇ ਯਤਨ ਕੀਤੇ ਸਨ ਪਰ ਇਸ ਕੌਮ ਨੂੰ ਸੰਪੂਰਨਤਾ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਬਖ਼ਸ਼ੀ ਸੀ।

ਪ੍ਰਸਿੱਧ ਇਤਿਹਾਸਕਾਰ ਗਫ਼ ਨੇ ਲਿਖਿਆ ਹੈ, "ਗੁਰੂ ਗੋਬਿੰਦ ਸਿੰਘ ਸੰਸਾਰ ਦਾ ਇਕ ਅਤਿ ਸਿਆਣਾ ਹਮੇਸ਼ਾ ਚੜ੍ਹਦੀ ਕਲਾ ਵਿੱਚ ਵਿਚਰਨ ਵਾਲਾ, ਪਵਿੱਤਰ ਜਜ਼ਬਿਆਂ ਨਾਲ ਭਰਪੂਰ, ਆਸ਼ਾਵਾਦੀ ਤੇ ਧਾਰਮਿਕ ਰੰਗਣ ਵਿੱਚ ਰੰਗਿਆ ਹੋਇਆ ਉਹ ਮਹਾਨ ਆਗੂ ਸੀ ਜਿਸ ਨੇ ਅੰਮ੍ਰਿਤ ਦੀ ਰਸਮ ਦੁਆਰਾ ਕੌਮ ਦੀ ਨਵੇਂ ਸਿਰਿਉਂ ਉਸਾਰੀ ਕੀਤੀ।"

**ਆਪੇ ਗੁਰ ਚੇਲਾ—**

ਚੇਲਿਆਂ ਨੂੰ ਗੁਰੂ ਬਣਾਉਣ ਦੀ ਸਮਰੱਥਾ ਕੇਵਲ ਸਿੱਖ ਸਤਿਗੁਰੂ ਸਾਹਿਬਾਨ ਵਿੱਚ ਹੀ ਵੇਖੀ ਗਈ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੀ ਚੋਣ ਕਰਕੇ ਪੰਥ ਦੀ ਸਾਜਨਾ ਕੀਤੀ। 'ਪੰਜ ਪਿਆਰੇ' ਸਿੱਖ ਦੀ ਨਿੱਤ ਦੀ ਅਰਦਾਸ ਦਾ ਹਿੱਸਾ ਬਣ ਚੁੱਕੇ ਹਨ। ਜਿਨ੍ਹਾਂ ਪੰਜ ਪਿਆਰਿਆਂ ਨੂੰ ਸਤਿਗੁਰਾਂ ਨੇ ਆਪ ਅੰਮ੍ਰਿਤ ਛਕਾਇਆ ਸੀ ਉਹਨਾਂ ਤੋਂ ਆਪ ਝੋਲੀ ਅੱਡ ਕੇ ਅੰਮ੍ਰਿਤ ਦੀ ਦਾਤ ਦੀ ਜਾਚਨਾ ਕੀਤੀ। ਉਸ ਤੋਂ ਬਾਅਦ ਆਪ ਜੀ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣੇ।

ਆਪ ਜੀ ਸਰੀਰ ਨਾਲੋਂ ਸਿਧਾਂਤ ਨੂੰ ਵਧੇਰੇ ਮਹੱਤਵ ਦਿੰਦੇ ਸਨ। ਸਿਧਾਂਤ ਦੀ ਉੱਚਤਾ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਨਮਾਨ ਦੀ ਕੋਈ ਪ੍ਰਵਾਹ ਨਹੀਂ ਕੀਤੀ ਤੇ ਆਪਣੇ ਹੀ ਸਿੱਖਾਂ ਦੇ ਚਰਨਾਂ ਉੱਤੇ ਸੀਸ ਝੁਕਾ ਦਿੱਤਾ। ਚਮਕੌਰ ਦੀ ਗੜ੍ਹੀ ਵਿੱਚ ਵੀ ਗੁਰੂ ਜੀ ਨੇ ਖ਼ਾਲਸੇ ਦੇ ਹੁਕਮ ਅੱਗੇ ਸੀਸ ਝੁਕਾ ਕੇ ਪੰਥ ਦੇ ਸਰਬ ਉੱਤਮ ਹੋਣ ਦੇ ਸਿਧਾਂਤ ਨੂੰ ਦ੍ਰਿੜ੍ਹ ਕਰਵਾਇਆ।

**ਜੰਤਰ-ਮੰਤਰ-ਤੰਤਰ ਦੀ ਮਨਾਹੀ—**

ਵਿਗਿਆਨ ਅੰਧ ਵਿਸ਼ਵਾਸ਼ਾਂ ਦਾ ਖੰਡਨ ਕਰਦਾ ਹੈ। ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਦੇਵੀ, ਦੇਵਤਿਆਂ ਦੀ ਪੂਜਾ, ਅਵਤਾਰਵਾਦ, ਸਰਾਧ, ਜੰਤਰ, ਮੰਤਰ ਤੇ ਤੰਤਰ ਦੀ ਮਨਾਹੀ ਕੀਤੀ। ਜੰਤਰ, ਮੰਤਰ ਤੇ ਤੰਤਰਾਂ ਦੀ ਕ੍ਰਿਆ ਦੁਆਰਾ ਇਸ਼ਟ ਦੀ ਪ੍ਰਾਪਤੀ ਅਸੰਭਵ ਹੈ। ਇਹ ਫ਼ਜ਼ੂਲ ਕ੍ਰਿਆਵਾਂ ਹਨ—

***ਜੰਤ੍ਰ ਮੰਤ੍ਰ ਨ ਤੰਤ੍ਰ ਜਾ ਕੋ ਆਦਿ ਪੁਰਖ ਅਧਾਰ॥***
***ਜੰਤ੍ਰ ਮੰਤ੍ਰ ਨ ਆਵਈ ਕਰ ਤੰਤ੍ਰ ਮੰਨੁ ਨ ਚੀਨ॥*** *(ਅਕਾਲ ਉਸਤਤਿ)*

ਗੁਰੂ ਗੋਬਿੰਦ ਸਿੰਘ ਜੀ ਉਚਾਰਨ ਕਰਦੇ ਹਨ ਕਿ ਅੱਖਾਂ ਮੀਟ ਕੇ ਬਗਲੇ ਵਾਂਗ ਸਮਾਧੀ ਲਗਾਉਣ ਦਾ ਨਾਮ ਧਰਮ ਨਹੀਂ ਹੈ ਅਤੇ ਤੀਰਥਾਂ ਤੇ ਇਸ਼ਨਾਨ ਕਰਨਾ ਤੇ ਬੁੱਤ ਪੂਜਾ ਕਰਨੀ ਆਦਿ ਸਮਾ ਗਵਾਉਣ ਦੇ ਬਰਾਬਰ ਹੈ। ਮੜੀਆਂ-ਮਸਾਣਾਂ ਅਤੇ ਦਰਗਾਹਾਂ ਆਦਿ ਦੀ ਪੂਜਾ ਵੀ ਨਿਰਾਰਥਕ ਹੈ ਅਤੇ ਅਜਿਹਾ ਕਰਨ ਨਾਲ ਕੁਝ ਵੀ ਪ੍ਰਾਪਤ ਨਹੀਂ ਹੋ ਸਕਦਾ। ਇਸ਼ਟ ਦੀ ਪੂਰਤੀ ਲਈ ਪ੍ਰੇਮ ਹੀ ਸਰਵ-ਉੱਤਮ ਢੰਗ ਹੈ—

***ਸਾਚੁ ਕਹੋ ਸੁਨ ਲੇਹੁ ਸਭੈ***
***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥*** *(ਤ੍ਵਪ੍ਰਸਾਦਿ॥ ਸਵਯੈ)*

**ਕਰਮ ਕਾਂਡਾਂ ਦਾ ਪਾਜ ਉਘਾੜਨਾ—**

ਗੁਰੂ ਗੋਬਿੰਦ ਸਿੰਘ ਜੀ ਕਰਮਕਾਂਡਾਂ ਦੀ ਨਿਰਾਰਥਕਾ ਉਘਾੜਨ ਲਈ ਰੋਜ਼ਾਨਾ ਜੀਵਨ ਵਿੱਚੋਂ ਦ੍ਰਿਸ਼ਟਾਂਤ ਦੇ ਕੇ ਆਪਣਾ ਪੱਖ ਪੇਸ਼ ਕਰਦੇ ਹਨ। ਜੇਕਰ ਗੰਦ ਖਾਣ ਤੇ ਗੰਦੇ ਰਹਿਣ ਨਾਲ ਇਸ਼ਟ ਦੀ ਪ੍ਰਾਪਤੀ ਹੁੰਦੀ ਤਾਂ ਸੂਰ ਨੇ ਸਰਵ ਪ੍ਰਥਮ ਰਹਿਣਾ ਸੀ। ਜੇਕਰ ਸਰੀਰ ਤੇ ਮਿਟੀ ਸਵਾਹ ਆਦਿ ਮਲਣ ਨਾਲ ਕਲਿਆਣ ਸੰਭਵ ਹੁੰਦਾ ਤਾਂ ਖੋਤਾ ਤੇ ਹਾਥੀ ਤਾਂ ਮਿੱਟੀ ਵਿੱਚ ਰਹਿ ਕੇ ਹੀ ਖ਼ੁਸ਼ ਹੁੰਦੇ ਹਨ। ਜੇਕਰ ਜੰਗਲ ਵਿੱਚ ਰਹਿਣ ਨਾਲ ਮੁਕਤੀ ਪ੍ਰਾਪਤ ਹੁੰਦੀ ਤਾਂ ਗਿੱਦੜ ਨੂੰ ਪ੍ਰਾਪਤ ਹੋਣੀ ਸੀ। ਜੇਕਰ ਚੁੱਪ ਧਾਰ ਕੇ ਇਸ਼ਟ ਦੀ ਪ੍ਰਾਪਤੀ ਹੋ ਸਕਦੀ ਤਾਂ ਰੁੱਖ ਤਾਂ ਸਦਾ ਹੀ ਚੁੱਪ ਸਾਧੇ ਰੱਖਦੇ ਹਨ। ਜੇਕਰ ਧੀਰਜ ਸਾਂਭਿਆ ਭਵਜਲ ਤਰਿਆ ਜਾਂਦਾ ਤਾਂ ਹਿਜੜੇ ਇਸ ਵਡਿਆਈ ਦੇ ਵੱਡੇ ਹੱਕਦਾਰ ਹੋ ਸਕਦੇ ਸਨ। ਜੇਕਰ ਸਮਾਧੀ ਲਗਾਇਆਂ ਅਤੇ ਕਲਪਨਾ ਦੇ ਘੋੜੇ ਦੌੜਾਇਆਂ ਇਸ਼ਟ-ਪ੍ਰਾਪਤੀ ਹੋ ਜਾਂਦੀ ਤਾਂ ਪੰਛੀਆਂ ਨਾਲੋਂ ਉਚੇਰੀ ਉਡਾਰੀ ਕੌਣ ਲਗਾ ਸਕਦਾ ਹੈ? ਜੇਕਰ ਦੁੱਧ ਉਪਰ ਗੁਜ਼ਾਰਾ ਕਰਨ ਵਾਲਿਆਂ ਨੂੰ ਇਸ਼ਟ ਪ੍ਰਾਪਤੀ ਹੋ ਜਾਵੇ ਤਾਂ ਬੱਚੇ ਇਸ ਦੇ ਸਭ ਤੋਂ ਵਧੇਰੇ ਹੱਕਦਾਰ ਹਨ। ਜੇਕਰ ਪੌਣ ਅਹਾਰ ਨਾਲ ਮੁਕਤੀ ਮਿਲੇ ਤਾਂ ਸੱਪਾਂ ਨੂੰ ਮਿਲਣੀ ਚਾਹੀਦੀ ਹੈ। ਜੇਕਰ ਧੂਣੀਆਂ ਤਪਾ ਕੇ ਇਸ਼ਟ ਦੀ ਪ੍ਰਾਪਤੀ ਹੁੰਦੀ ਤਾਂ ਬਹੁਤ ਜੀਵ ਹਨ ਜੋ ਅੱਗ ਵਰਗੀ ਗਰਮੀ ਸਹਿੰਦੇ ਹਨ। ਜੇਕਰ ਅੱਗ ਵਿੱਚ ਜਲਣ ਨਾਲ ਮੁਕਤੀ ਪ੍ਰਾਪਤ ਹੋ ਜਾਂਦੀ ਤਾਂ ਸਤੀ ਹੋਣ ਵਾਲੀਆਂ ਇਸਤਰੀਆਂ ਤਰ ਜਾਂਦੀਆਂ—

***ਭੂਤ ਬਨਚਾਰੀ ਛਿਤ ਛਉਨਾ ਸਭੈ ਦੂਧਾਧਾਰੀ***
***ਪਉਨ ਕੇ ਅਹਾਰੀ ਸੁ ਭੁਜੰਗ ਜਾਨੀਅਤੁ ਹੈਂ॥***
***ਤ੍ਰਿਣ ਕੇ ਭਛੱਯਾ ਧਨ ਲੋਭ ਕੇ ਤਜੱਯਾ***
***ਤੇ ਤੋ ਗਊਅਨ ਕੇ ਜੱਯਾ ਬ੍ਰਿਖ-ਭਯਾ ਮਾਨੀਅਤੁ ਹੈਂ॥***
***ਨਭ ਕੇ ਉਡਯਾ ਤਾਹਿ ਪੰਛੀ ਕੀ ਬਡਯਾ ਦੇਤ,***
***ਬਗੁਲਾ ਬਿੜਾਲ ਬ੍ਰਿਕ ਧਿਆਨੀ ਠਾਨੀਅਤੁ ਹੈਂ॥***
***ਜੇਤੋ ਬਡੇ ਗਿਆਨੀ ਤਿਨੋ ਜਾਨੀ ਪੈ ਬਖਾਨੀ***
***ਨਾਹਿ ਐਸੇ ਨ ਪ੍ਰਪੰਚ ਮਨਿ ਭੂਲਿ ਆਨੀਅਤੁ ਹੈਂ॥***

*(ਅਕਾਲ ਉਸਤਤਿ ਸ਼ਬਦਾਰਥ ਦਸਮ ਗ੍ਰੰਥ, ਪੰਨਾ 28)*

**ਮਹਾਨ ਯੋਧਾ ਤੇ ਜਰਨੈਲ—**

ਗੁਰੂ ਜੀ ਰਣਭੂਮੀ ਵਿੱਚ ਇਕ ਨਿਪੁੰਨ ਜਰਨੈਲ ਵਾਂਗ ਅਗਵਾਈ ਕਰਦੇ ਸਨ। ਗੁਰੂ ਗੋਬਿੰਦ ਸਿੰਘ ਜੀ ਤਲਵਾਰ ਦੇ ਧਨੀ ਸਨ ਤੇ

ਤੀਰ-ਅੰਦਾਜ਼ੀ ਵਿੱਚ ਕੋਈ ਆਪ ਜੀ ਦਾ ਸਾਨੀ ਨਹੀਂ ਸੀ। ਅਨੇਕਾਂ ਉਦਾਹਰਣਾਂ ਮਿਲਦੀਆਂ ਹਨ ਜਿਹੜੀਆਂ ਸਤਿਗੁਰੂ ਜੀ ਨੂੰ ਹਥਿਆਰ ਚਲਾਉਣ ਦੇ ਹੁਨਰ ਵਿੱਚ ਮਾਹਿਰ ਦਰਸਾਉਂਦੀਆਂ ਹਨ। ਚਮਕੌਰ ਦੀ ਗੜ੍ਹੀ ਵਿੱਚ ਜਦੋਂ ਚਾਲ੍ਹੀ ਸਿੰਘਾਂ ਨੂੰ ਹਜ਼ਾਰਾਂ ਮੁਗ਼ਲ ਸੈਨਿਕਾਂ ਨੇ ਘੇਰਿਆ ਹੋਇਆ ਸੀ ਸਤਿਗੁਰੂ ਜੀ ਨੇ ਤੀਰਾਂ ਦੀ ਵਾਛੜ ਕਰਕੇ ਮੁਗ਼ਲ ਜਰਨੈਲਾਂ ਤੇ ਸਿਪਾਹੀਆਂ ਨੂੰ ਗੜ੍ਹੀ ਦੇ ਨਜ਼ਦੀਕ ਨਹੀਂ ਸੀ ਢੁਕਣ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਨੇ ਲਿਤਾੜੇ ਤੇ ਕੁਚਲੇ ਹੋਏ ਲੋਕਾਂ ਨੂੰ ਲਾਮਬੰਦ ਕਰਕੇ ਫ਼ੌਜ ਬਣਾਈ ਤੇ ਉਸ ਫ਼ੌਜ ਨਾਲ ਸਮੇਂ ਦੀ ਸਭ ਤੋਂ ਵੱਡੀ ਹਕੂਮਤ ਦਾ ਮੁਕਾਬਲਾ ਕੀਤਾ ਅਤੇ ਜਿੱਤਾਂ ਪ੍ਰਾਪਤ ਕੀਤੀਆਂ। ਆਪ ਜੀ ਨੇ ਬੜੀ ਸਿਆਣਪ ਨਾਲ ਕਿਲ੍ਹਿਆਂ ਦੀ ਉਸਾਰੀ ਕੀਤੀ। ਸੰਸਾਰ ਦੇ ਇਤਿਹਾਸ ਵਿੱਚ ਉਹਨਾਂ ਇਕ ਮਿਸਾਲ ਕਾਇਮ ਕਰ ਦਿੱਤੀ ਤੇ ਸਿੱਧ ਕਰ ਦਿੱਤਾ ਕਿ ਉਹ ਕਿੰਨੇ ਵੱਡੇ ਦਲੇਰ ਤੇ ਦ੍ਰਿੜ੍ਹ ਇਰਾਦੇ ਦੇ ਮਾਲਕ ਸਨ। ਉਹ ਅਜਿਹੇ ਮਰਦਿ ਮੈਦਾਨ ਸਨ ਕਿ ਕੇਵਲ ਚਾਲ੍ਹੀ ਸਿੱਖਾਂ ਨਾਲ ਹੀ ਚਮਕੌਰ ਦੀ ਕੱਚੀ ਗੜ੍ਹੀ ਵਿੱਚ ਲੱਖਾਂ ਦੀ ਗਿਣਤੀ ਵਾਲੀ ਸ਼ਾਹੀ ਫ਼ੌਜ ਦੇ ਘੇਰੇ ਵਿੱਚ ਹੁੰਦਿਆਂ ਹਥਿਆਰ ਨਹੀਂ ਸੁੱਟੇ। ਰੱਸਦ ਪਾਣੀ ਦੀ ਅਣਹੋਂਦ ਅਤੇ ਬੀਮਾਰੀਆਂ ਦੇ ਬਾਵਜੂਦ ਭੁੱਖੇ-ਭਾਣੇ ਸਿੰਘਾਂ ਦੇ ਹੌਸਲੇ ਬੁਲੰਦ ਰੱਖੇ।

ਗੋਕਲ ਚੰਦ ਨਾਰੰਗ ਨੇ ਲਿਖਿਆ ਹੈ, "ਗੁਰੂ ਗੋਬਿੰਦ ਸਿੰਘ ਦੇ ਅਸਰ ਹੇਠ ਅਜਿਹੇ ਮਨੁੱਖ ਵੀ ਰਣਖੇਤਰ ਦੇ ਸੂਰਮੇ ਬਣ ਗਏ ਜਿਨ੍ਹਾਂ ਕਦੀ ਤਲਵਾਰ ਨੂੰ ਹੱਥ ਨਹੀਂ ਸੀ ਲਗਾਇਆ।"

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਰਚ ਕੇ *ਗੁਰੂ ਗ੍ਰੰਥ ਸਾਹਿਬ* ਦੀ ਨੀਂਹ ਰੱਖੀ। ਗੁਰੂ ਅਰਜਨ ਦੇਵ ਜੀ ਨੇ ਗੁਰੂਆਂ ਤੇ ਭਗਤਾਂ ਦੀ ਬਾਣੀ ਨੂੰ ਤਰਤੀਬ ਦੇ ਕੇ *ਗੁਰੂ ਗ੍ਰੰਥ ਸਾਹਿਬ* ਦੀ ਬੀੜ ਤਿਆਰ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਇਸ ਵਿੱਚ ਦਰਜ ਕਰਕੇ ਅੰਤਿਮ ਰੂਪ ਦਿੱਤਾ ਤੇ ਫ਼ੈਸਲਾ ਕੀਤਾ ਕਿ ਅੱਗੋਂ ਤੋਂ *ਗੁਰੂ ਗ੍ਰੰਥ* ਤੇ ਪੰਥ ਹੀ ਗੁਰੂ ਹੋਣਗੇ। ਕੋਈ ਵਿਅਕਤੀ ਰੂਪ ਵਿੱਚ ਗੁਰੂ ਨਹੀਂ ਹੋਣਗੇ। ਪੰਜ ਪਿਆਰੇ ਸਾਜ ਕੇ ਜੁਗੋ ਜੁਗ ਅਟੱਲ *ਸ੍ਰੀ ਗੁਰੂ ਗ੍ਰੰਥ ਸਾਹਿਬ* ਜੀ ਨੂੰ ਗੁਰਿਆਈ ਦੇ ਕੇ ਵਿਅਕਤੀ ਰੂਪ ਵਿੱਚ ਗੁਰਿਆਈ ਦੀ ਸਮੱਸਿਆ ਨੂੰ ਸਦਾ ਸਦਾ ਲਈ ਹੱਲ ਕਰ ਦਿੱਤਾ।

ਪ੍ਰਸਿੱਧ ਆਰੀਆ ਸਮਾਜੀ ਲੇਖਕ ਲਾਲਾ ਦੌਲਤ ਰਾਮ ਆਰੀਆ ਨੇ ਲਿਖਿਆ ਹੈ, "ਜਿਸ ਦਰੱਖ਼ਤ ਕੋ ਗੁਰੂ ਨਾਨਕ ਦੇਵ ਜੀ ਨੇ ਲਗਾਇਆ ਥਾ, ਜਿਸ ਦਰੱਖ਼ਤ ਕੋ ਗੁਰੂ ਅਰਜਨ ਦੇਵ ਜੀ ਨੇ ਔਰ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਖ਼ੂਨ ਕਾ ਪਾਣੀ, ਔਰ ਹੱਡੀਓਂ ਕਾ ਖਾਦ ਦੇਕਰ ਜ਼ਮੀਨ ਸੇ ਉਠਾਇਆ ਥਾ, ਜਿਸ ਕੋ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਲਹੂ ਸੇ ਸੀਚ ਕਰ ਬੜਾਇਆ ਥਾ ਉਸ ਕੋ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਾਰ ਬੇਟੋਂ ਔਰ ਹਜ਼ਾਰੋਂ ਅਕੀਦਤਮੰਦ ਸਿੱਘੋ ਕੋ ਖ਼ੂਨ ਕੇ ਲਬਾ ਲਬ ਹੁਨਰੋਂ ਸੇ ਬਲਵਾਨ ਚੜ੍ਹਾਇਆ ਥਾ, ਆਖ਼ਰ ਵੋਹ ਫ਼ਲ ਲਾਇਆ। ਵੋਹ ਫ਼ਲ ਕਿਆ ਥਾ? ਕੌਮੀਅਤ, ਅਖਵਤ, ਵਾਹਦਤ ਔਰ ਮੁਹੱਬਤ।"

ਕਨਿੰਘਮ ਨੇ ਲਿਖਿਆ ਹੈ, "ਸਿੱਖਾਂ ਵਿੱਚ ਅਥਾਹ ਜਜ਼ਬਾ (ਪਹਿਲੇ ਸਤਿਗੁਰੂ ਦੀ ਕ੍ਰਿਪਾ ਦਾ ਸਦਕਾ) ਭਰਿਆ ਜਾ ਚੁੱਕਾ ਸੀ। (ਗੁਰੂ) ਗੋਬਿੰਦ ਸਿੰਘ ਜੀ ਨੇ ਐਸੀ ਰੂਹ ਫੂਕੀ ਕਿ ਨਾ ਸਿਰਫ਼ ਸਿੱਖਾਂ ਦੇ ਮਨਾਂ ਨੂੰ ਹੀ ਬਦਲ ਦਿੱਤਾ ਸਗੋਂ ਹਰ ਪੱਖੋਂ ਬਲਵਾਨ ਤੇ ਤਕੜਾ ਕਰ ਦਿੱਤਾ। ਅਕਲ ਤੇ ਸ਼ਕਲ ਦੋਵੇਂ ਹੀ ਬਦਲ ਦਿੱਤੀਆਂ। ਸਿੱਖ ਦੀ ਨੁਹਾਰ ਸੰਸਾਰ ਭਰ ਤੋਂ ਵੱਖਰੀ ਹੋ ਗਈ ਅਤੇ ਉਹ ਕਾਰਨਾਮੇ ਕਰ ਦਿਖਾਏ ਜੋ ਕਿਸੇ ਹੋਰ (ਵਿਅਕਤੀ) ਕੋਲੋਂ ਨਾ ਹੋ ਸਕੇ।

ਲਾਲਾ ਦੌਲਤ ਰਾਏ ਨੇ ਲਿਖਿਆ ਹੈ, "ਇਕੋ ਹੀ ਵਿਅਕਤੀ ਵਿੱਚ ਸਾਰੇ ਗੁਣ ਮਿਲਣੇ ਬਹੁਤ ਕਠਿਨ ਹਨ ਪਰ ਗੁਰੂ ਗੋਬਿੰਦ ਸਿੰਘ ਹਰ ਪਾਸਿਉਂ ਮੁਕੰਮਲ ਸ਼ਖ਼ਸੀਅਤ ਸਨ। ਉਹ ਮਹਾ ਕਵੀ ਸਨ, ਧਾਰਮਿਕ ਨੇਤਾ ਸਨ, ਚੋਟੀ ਦੇ ਸੁਧਾਰਕ ਸਨ, ਮੰਨੇ ਪ੍ਰਮੰਨੇ ਵਿਦਵਾਨ ਸਨ ਤੇ ਨਾਲ ਹੀ ਇਕ ਬਹੁਤ ਵੱਡੇ ਬਲਵਾਨ ਯੋਧੇ ਤੇ ਜਰਨੈਲ ਵੀ।"

ਇੰਦੂ ਭੂਸ਼ਨ ਬੈਨਰਜੀ, ਐਲਫਿਨਸਟਨ ਅਤੇ ਬਰਗਜ਼ ਵੀ ਗੁਰੂ ਜੀ ਦੀ ਉਪਮਾ ਕਰਦੇ ਹੋਏ ਉਹਨਾਂ ਨੂੰ ਇਕ ਨਵੀਂ ਕੌਮ ਦੀ ਸਾਜਨਾ ਵਾਲਾ ਇਤਿਹਾਸ ਦਾ ਸਿਰਜਕ ਲਿਖਦੇ ਹਨ। ਡਾਰਬੀ ਨੇ ਲਿਖਿਆ, "ਗੁਰੂ ਜੀ (ਗੁਰੂ ਗੋਬਿੰਦ ਸਿੰਘ) ਦੀ ਸ਼ਾਨ ਸੂਰਜ ਵਾਂਗ ਚਮਕਦੀ ਹੈ।" (Guru Gobind Singh's splendour shines like the sun)

✤✤✤

| | |
|---|---|
| **ਕਲ ਮੈ ਕਰਨਹਾਰ ਨਿਰੰਕਾਰ ਕਲਾਧਾਰ<br>ਜਗਤ ਕੇ ਉਧਾਰਬੇ ਗੋਬਿੰਦ ਸਿੰਘ ਆਯੋ ਹੈ।** | ਕਲਯੁਗ ਵਿੱਚ ਸ੍ਰਿਸ਼ਟੀ ਦਾ ਰਚਨਹਾਰਾ ਨਿਰੰਕਾਰ, ਆਪਣੀ ਸ਼ਕਤੀ ਰਾਹੀਂ, ਜਗਤ ਉਧਾਰਣ ਦੇ ਲਈ (ਗੁਰੂ) ਗੋਬਿੰਦ ਸਿੰਘ (ਦੇ ਸਰੂਪ ਵਿੱਚ) ਆਇਆ ਹੈ। |
| **ਅਸੁਰ ਸੰਘਾਰਬੇ ਕੋ ਦੁਰਜਨ ਕੇ ਮਾਰਬੇ ਕੋ<br>ਸੰਕਟ ਨਿਵਾਰਬੇ ਕੋ ਖਾਲਸਾ ਬਨਾਯੋ ਹੈ।** | ਦੇਵਤਿਆਂ ਦੇ ਵਿਰੋਧੀਆਂ ਨੂੰ ਮਿਟਾਣ ਲਈ, ਬੁਰੇ ਲੋਕਾਂ ਨੂੰ ਮਾਰ ਮੁਕਾਉਣ ਲਈ ਅਤੇ ਸੰਕਟਾਂ ਨੂੰ ਹਟਾਣ ਲਈ (ਉਸ ਗੁਰੂ ਨੇ) ਖਾਲਸਾ ਸਾਜਿਆ ਹੈ। |
| **ਨਿੰਦਕ ਕੋ ਨਿੰਦ ਦਈ ਸਿਖ ਦਈ ਸਿੱਖਨ ਕੋ<br>ਤਾ ਕੇ ਮਹਾਤਮ ਤੇ ਰੈਨ ਦਿਵਸ ਧਾਯੋ ਹੈ।** | ਨਿੰਦਕਾਂ ਨੂੰ ਨਿੰਦਿਆ ਬਖਸ਼ੀ (ਤਾਂ ਜੋ ਭੁੱਲਾਂ ਅਤੇ ਦੋਸ਼ ਲੱਭ-ਲੱਭ ਕੇ ਪ੍ਰਗਟਾਉਂਦੇ ਰਹਿਣ), ਸਿੱਖਾਂ ਨੂੰ ਚੰਗੀ ਸਿੱਖਿਆ ਦਿੱਤੀ ਹੈ ਜਿਸ ਕਾਰਨ (ਉਹ ਉਸ ਪ੍ਰਮਾਤਮਾ ਦੇ) ਮਹਾਤਮ ਦੀ ਭਾਲ ਦਿਨ-ਰਾਤ ਕਰਦੇ ਹਨ। |
| **ਖਾਲਸੇ ਕੇ ਸਿਖਨ ਕੀ ਨਿੰਦਕੁ ਜੋ ਨਿੰਦ ਕਰੈ<br>ਜਾਨਿ ਬੂਝਿ ਨਰਕ ਪਰੈ ਐਸੋ ਸੋ ਬਤਾਯੋ ਹੈ॥** | ਖ਼ਾਲਸੇ ਦੇ ਸਿੱਖਾਂ ਦੀ ਜੋ ਨਿੰਦਕ ਜਾਣ-ਬੁੱਝ ਕੇ (ਕੇਵਲ ਨਿੰਦਿਆ ਲਈ) ਨਿੰਦਿਆ ਕਰਦਾ ਹੈ, ਉਹ ਜਾਣ ਬੁੱਝ ਕੇ ਨਰਕ ਵਿੱਚ ਡਿੱਗਦਾ ਹੈ, ਇਹ ਦੱਸਿਆ ਗਿਆ ਹੈ। |

*(ਸੈਨਾਪਤਿ)*